2025-52695

ਸੀ-1

ਦਫ਼ਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

(ਫੁਟਕਲ ਸਾਖਾ-1)

ਹੁਕਮ ਅਧੀਨ ਧਾਰਾ 163 BNS-2023

ਕਣਕ ਦਾ ਸੀਜ਼ਨ ਸ਼ੁਰੂ ਹو ਚੁਕਾ ਹੈ। ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਕਣਕ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਇਨਾਂ ਰਾਤ ਵੇਲੇ ਹਨੇਰੇ ਕਣਕ ਸਿਹਣ ਕਿ ਚੰਗੀ ਤਰ੍ਹਾਂ ਪੱਕੀ ਨਹੀਂ ਹੁੰਦੀ, ਬਾਵ ਦਾਣਾ ਕੱਚਾ ਕੱਟ ਦਿੱਤੀਆਂ ਹਨ। ਇਸ ਦੀ ਕੁਆਲਿਟੀ ਗਿਰ ਜਾਂਦੀ ਹੈ। ਜਿਸ ਕਰਕੇ ਪਸ਼ੂ ਆਮੀਆਂ ਜਿਸ ਦੀ ਮਹੀਨ ਕਰਨ ਤੋਂ ਹਿਚਕਚਾਉਂਦੀਆਂ ਹਨ ਅਤੇ ਜਿਸ ਦਾ ਸਿੱਧਾ ਅਸਰ ਦੇਸ ਦੇ ਉਤਪਾਦਨ ਤੇ ਪੈਂਦਾ ਹੈ। ਕਣਕ ਨੂੰ ਵਿਕਣ ਕਰਕੇ ਕਿਸਾਨਾਂ ਵਿਚ ਰੋਸ ਪੈਦਾ ਹੁੰਦਾ ਹੈ। ਜਿਸ ਨਾਲ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੁੰਦਾ ਹੈ। ਇਸ ਲਈ ਇਸ ਦੀ ਤੁਰੰਤ ਰੋਕਥਾਮ ਕਰਨ ਦੀ ਜ਼ਰੂਰਤ ਹੈ।

ਮੇਰੇ ਧਿਆਨ ਵਿੱਚ ਇਹ ਗਲ ਵੀ ਆਈ ਹੈ ਕਿ ਕਣਕ ਦੀ ਫਸਲ ਕੱਟਣ ਤੋਂ ਬਾਅਦ ਲੋਕ ਖੇਤਾਂ ਵਿੱਚ ਪਈ ਕਣਕ ਦੀ ਨਾੜ/ਪਰਾਲੀ/ਰਹਿੰਦ ਖੂਹੰਦ ਆਦਿ ਨੂੰ ਅੱਗ ਲਗਾ ਦੇਂਦੇ ਹਨ, ਜਿਸ ਕਾਰਨ ਜ਼ਮੀਨ ਦਾ ਉਪਜੇਗੀ ਜੀਵਕ ਮਾਦਾ ਜੋ ਕਿ ਜ਼ਮੀਨ ਲਈ ਬਹੁਤ ਲਾਭਦਾਇਕ ਹੈ, ਦਾ ਨੁਕਸਾਨ ਹੁੰਦਾ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ। ਕਣਕ ਦੀ ਨਾੜ/ਪਰਾਲੀ/ਰਹਿੰਦ ਖੂਹੰਦ ਆਦਿ ਨੂੰ ਅੱਗ ਲਗਾਉਣ ਕਾਰਨ ਨਾਲ ਲੱਗਦੇ ਖੇਤਾਂ ਵਿਚ ਖੜ੍ਹੀ ਫਸਲ ਨੂੰ, ਗੋਦਾਮਾਂ ਵਿੱਚ ਸਟੋਰ ਕੀਤੀ ਗਈ ਫਸਲ ਨੂੰ, ਗੋਲਾ ਖਰਚ ਦੇ ਡਿਪੂ ਵਿੱਚ ਅੱਗ ਲੱਗ ਕੇ ਲੋਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਵਾਤਾਵਰਣ ਵੀ ਕਾਫੀ ਪ੍ਰਦੂਸ਼ਿਤ ਹੁੰਦਾ ਹੈ। ਧੂਏਂ ਵਿੱਚ ਪੈਦਾ ਹੋਏ ਨਾਲ ਪ੍ਰਦੂਸ਼ਣ ਫੈਲਦਾ ਹੈ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਇਸ ਲਈ ਇਸ ਦੀ ਤੁਰੰਤ ਰੋਕਥਾਮ ਕਰਨ ਦੀ ਜ਼ਰੂਰਤ ਹੈ।

ਇਸ ਲਈ ਮੈਂ, ਸੌਰਭ ਜਿੰਦਲ ਪਰੇ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ BNS-2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ, ਜ਼ਿਲ੍ਹਾ ਬਠਿੰਡਾ ਅੰਦਰ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕਰਦਾ ਹਾਂ:-

1. ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਸ਼ਾਮ 07:00 ਵਜੇ ਤੋਂ ਸਵੇਰੇ 06:00 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ ਤੇ ਪਾਬੰਦੀ ਲਗਾਉਂਦਾ ਹਾਂ। ਜੇਕਰ ਕੋਈ ਕੰਬਾਇਨ ਇਸ ਸਮੇਂ ਦੌਰਾਨ ਕਣਕ ਦੀ ਫਸਲ ਕੱਟਦੀ ਫੜੀ ਗਈ, ਤਾਂ ਉਸਨੂੰ ਤੁਰੰਤ ਜ਼ਬਤ ਕੀਤਾ ਜਾਵੇਗਾ।

2. ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਕਣਕ ਦੀ ਨਾੜ/ਪਰਾਲੀ/ਰਹਿੰਦ ਖੂਹੰਦ ਆਦਿ ਨੂੰ ਅੱਗ ਲਗਾਉਣ ਤੇ ਮੁਕੰਮਲ ਤੌਰ ਤੇ ਪਾਬੰਦੀ ਲਗਾਉਂਦਾ ਹਾਂ।

ਮੌਜੂਦਾ ਹਾਲਾਤਾਂ ਨੂੰ ਮੁਖ ਰੱਖਦੇ ਹੋਏ ਇਹ ਹੁਕਮ ਇਕ ਤਰਫ਼ਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਜਾਰੀ ਕੀਤਾ ਜਾਂਦਾ ਹੈ।

ਇਹ ਹੁਕਮ ਮਿਤੀ 11 / 04 /2025 ਤੋਂ ਮਿਤੀ 10 / 06 /2025 ਤੱਕ ਲਾਗੂ ਰਹੇਗਾ।

ਇਹ ਹੁਕਮ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਦੁਆਰਾ ਲਾਗੂ ਕਰਵਾਇਆ ਜਾਵੇਗਾ। ਇਹ ਹੁਕਮ ਲਾਗੂ ਕਰਨ ਲਈ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ ਵੱਲੋਂ ਮੀਡੀਆ ਅਤੇ ਅਖਬਾਰਾਂ ਰਾਹੀਂ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਜ਼ਿਲ੍ਹੇ ਦੇ ਉਪ ਮੰਡਲ ਮੈਜਿਸਟਰੇਟ, ਤਹਿਸੀਲਦਾਰਾਂ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ, ਮਾਰਕਿਟ ਕਮੇਟੀਆਂ, ਪੁਲਿਸ ਸਟੇਸ਼ਨਾਂ ਅਤੇ ਨਗਰ ਪਾਲਿਕਾਵਾਂ ਦੇ ਨੋਟਿਸ ਬੋਰਡ ਅਤੇ ਜ਼ਿਲ੍ਹਾ ਬਠਿੰਡਾ ਦੀਆਂ ਉੱਘੀਆਂ ਥਾਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਲਈ ਲਗਾਈਆਂ ਜਾਣਗੀਆਂ।

ਇਹ ਹੁਕਮ ਅੱਜ ਮਿਤੀ _____ /2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਤੋਂ ਜਾਰੀ ਹੋਇਆ ਹੈ।

(ਸੌਰਭ ਜਿੰਦਲ ਪਰੇ,ਆਈ.ਏ.ਐਸ.)
ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ

ਪਿੱਠ ਅੰਕਣ ਨੰ: 12568-667 /ਫਸ ਮਿਤੀ 11/04 /2025

ਇਸ ਦਾ ਇਕ ਉਤਾਰਾ -

1. ਮੁਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ/ਪ੍ਰਿੰਸੀਪਲ ਸਕੱਤਰ, ਗ੃ਹ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ।
2. ਕਮਿਸ਼ਨਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ/ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ/ਕਮਿਸ਼ਨਰ, ਫੂਡ ਸੇਫਟੀ ਮੰਡਲ, ਫੂਡ ਸੇਫਟੀ/ਚੇਅਰਮੈਨ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ/ਡੀ.ਆਈ.ਜੀ. (ਸੀ.ਆਈ.ਡੀ.), ਪੰਜਾਬ, ਚੰਡੀਗੜ੍ਹ/ ਡੀ.ਆਈ.ਜੀ. ਪੁਲਿਸ ਰੇਂਜ, ਫੂਡ ਸੇਫਟੀ, ਬਠਿੰਡਾ।
3. ਜ਼ਿਲ੍ਹਾ ਅਤੇ ਸੈਸ਼ਨ ਜਜ, ਬਠਿੰਡਾ/ਜ਼ਿਲ੍ਹਾ ਮੈਜਿਸਟਰੇਟ, ਫੂਡ ਸੇਫਟੀ/ਡਿਪਟੀ ਕਮਿਸ਼ਨਰ/ ਲੁਧਿਆਣਾ/ ਜਲੰਧਰ/ ਸ੍ਰੀ ਅੰਮ੍ਰਿਤਸਰ ਸਾਹਿਬ/ ਬਰਨਾਲਾ/ ਕਪੂਰਥਲਾ/ ਗੁਰਦਾਸਪੁਰ/ ਪਟਿਆਲਾ/ ਮਾਨਸਾ/ ਸ੍ਰੀ ਮੁਕਤਸਰ ਸਾਹਿਬ/ ਮੋਗਾ/ ਸ਼ਹੀਦ ਭਗਤ ਸਿੰਘ ਨਗਰ / ਸ੍ਰੀ ਫਤਿਹਗੜ੍ਹ ਸਾਹਿਬ/ਮੋਹਾਲੀ/ ਰੂਪਨਗਰ /ਸੰਗਰੂਰ/ ਗੁਰਦਾਸਪੁਰ/ ਤਰਨਤਾਰਨ/ ਫਾਜ਼ਿਲਕਾ /ਫਰੀਦਕੋਟ / ਮਲੇਰਕੋਟਲਾ।
4. ਸੀਨੀਅਰ ਕਪਤਾਨ ਪੁਲਿਸ, ਬਠਿੰਡਾ/ਕਮਿਸ਼ਨਰ, ਨਗਰ ਨਿਗਮ, ਬਠਿੰਡਾ/ਵਧੀਕ ਡਿਪਟੀ ਕਮਿਸ਼ਨਰ (ਜ), ਬਠਿੰਡਾ/ਵਧੀਕ ਡਿਪਟੀ ਕਮਿਸ਼ਨਰ (ਵਿ), ਬਠਿੰਡਾ/ਵਧੀਕ ਮੁਖ ਪ੍ਰਸ਼ਾਸਕ (ਪੁਡਾ), ਬਠਿੰਡਾ/ ਸਥ ਪ੍ਰਸ਼ਾਸਕ ਬਠਿੰਡਾ ਵਿਕਾਸ ਅਥਾਰਟੀ ਬਠਿੰਡਾ/ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ/ਉਪ ਮੰਡਲ ਮੈਜਿਸਟਰੇਟ ਬਠਿੰਡਾ/ਰਾਮਪੁਰਾ ਫੂਲ/ਤਲਵੰਡੀ ਸਾਬੋ/ਮੌੜ
5. ਜ਼ਿਲ੍ਹਾ ਮਾਲ ਅਫ਼ਸਰ, ਬਠਿੰਡਾ/ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ,ਬਠਿੰਡਾ/ਸਿਵਲ ਸਰਜਨ, ਬਠਿੰਡਾ / ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)/(ਐਲੀਮੈਂਟਰੀ) ਬਠਿੰਡਾ।
6. ਵਾਤਾਵਰਣ ਇੰਜੀਨੀਅਰ-ਕਮ-ਕਨਵੀਨਰ, ਜ਼ਿਲ੍ਹਾ ਪਾਣੀ ਕਮੇਟੀ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫ਼ਤਰ, ਬਠਿੰਡਾ/ ਮੁੱਖ ਖੇਤੀਬਾੜੀ ਅਫ਼ਸਰ, ਬਠਿੰਡਾ/ ਜ਼ਿਲ੍ਹਾ ਖਰਚ ਅਤੇ ਸਪਲਾਈ ਕੰਟਰੋਲਰ, ਬਠਿੰਡਾ / ਜ਼ਿਲ੍ਹਾ ਭਲਾਈ ਅਫ਼ਸਰ, ਬਠਿੰਡਾ।
7. ਸਟੇਸ਼ਨ ਹੈਡ-ਕੁਆਟਰ, ਮਿਲਟਰੀ ਸਟੇਸ਼ਨ, ਬਠਿੰਡਾ/ ਸਟੇਸ਼ਨ ਕਮਾਂਡਰ, ਏਅਰ ਫੋਰਸ ਸਟੇਸ਼ਨ, ਤਿਲੋਆਣਾ, ਬਠਿੰਡਾ।
8. ਤਹਿਸੀਲਦਾਰ, ਬਠਿੰਡਾ/ਰਾਮਪੁਰਾ ਫੂਲ/ਤਲਵੰਡੀ ਸਾਬੋ/ਮੌੜ-ਸਾਹਿਬ ਤਹਿਸੀਲਦਾਰ, ਬਠਿੰਡਾ/ਰਾਮਪੁਰਾ ਫੂਲ/ਤਲਵੰਡੀ ਸਾਬੋ /ਨਥਾਣਾ/ਸੰਗਤ/ਮੌੜ/ /ਭਗਤਾ/ਗੋਨਿਆਣਾ/ ਬਾਲਿਆਂਵਾਲੀ
9. ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਬਠਿੰਡਾ/ਮੌੜ/ਨਥਾਣਾ/ਰਾਮਪੁਰਾ ਫੂਲ/ਭੁਲਣ ਭਾਈਕਾ/ਤਲਵੰਡੀ ਸਾਬੋ/ਮੌੜ/ਗੋਨਿਆਣਾ
10. ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਗੋਨਿਆਣਾ/ਕੁਲਰੀਆਂ/ਸੰਗਤ/ਕੋਟਫੱਤਾ/ਮੌੜ/ਰਾਮਾ ਮੰਡੀ/ ਰਾਮਪੁਰਾ ਫੂਲ।
11. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਰਾਮਪੁਰਾ/ਰਾਮਪੁਰਾ/ਮੌੜ/ਮੌੜ/ਬਾਲਿਆਂਵਾਲੀ/ ਤਲਵੰਡੀ ਸਾਬੋ/ਕੋਟਸਮੀਰ/ਨਥਾਣਾ/ ਭਗਤਾ ਭਾਈਕਾ/ ਮੁਹੱਬਤ/ ਬਾਘਾਪੁਰਾਣਾ/ਭਾਈਰੂਪਾ/ਮਹਿਰਾਜ/ਮਲੂਆ/ਕੋਟਾ ਗੁਰੂ
12. ਸਹਾਇਕ ਕਮਿਸ਼ਨਰ, ਮਾਰਕੀਟ ਕਮੇਟੀ, ਬਠਿੰਡਾ/ਗੋਨਿਆਣਾ/ ਭਗਤਾ/ ਮੌੜ/ ਸੰਗਤ/ ਤਲਵੰਡੀ ਸਾਬੋ/ ਰਾਮਪੁਰਾ ਫੂਲ/ ਭਗਤਾ ਭਾਈਕਾ
13. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ ਪਾਸ ਉਕਤ ਅਨੁਸਾਰ ਕਾਰਵਾਈ ਕਰਕੇ ਰਿਪੋਰਟ ਭੇਜਣ ਹਿਤ ਭੇਜਿਆ ਜਾਂਦਾ ਹੈ।
14. ਇੰਚਾਰਜ ਡੀ.ਸੀ.ਦੇ.ਡੀ.ਸੀ., ਬਠਿੰਡਾ ਪਾਸ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।

ਦਫਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ
ਪਿੱਠ ਅੰਕਣ ਨੰ: ਸੀ-1/ਹੁਕਮ/1439 ਮਿਤੀ: 17/04/25
ਉਪਰੋਕਤ ਹਵਾਲਾ ਹੁਕਮ ਅਗਲੇਰੀ ਕਾਰਵਾਈ ਲਈ ਅਤੇ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ ਬਠਿੰਡਾ